ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ।
(ਅਮਲਾ-1 ਸ਼ਾਖਾ)

ਹੁਕਮ ਨੰਬਰ:- 24/55-2015-ਅਮਲਾ-1(1)

ਮਿਤੀ ਮੋਹਾਲੀ:- 27/10/2017

ਸ਼੍ਰੀ ਮੁਖਤਿਆਰ ਚੰਦ, ਟੀਚਰ ਨੂੰ ਡਿਊਟੀ ਤੇ ਸਿਖਿਆ ਵਿਭਾਗ ਵਿਚ ਹਾਜਰ ਕਰਵਾਉਣ ਦਾ ਮਾਮਲਾ ਹੈ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਇਹ ਟੀਚਰ ਪੰਚਾਇਤੀ ਰਾਜ ਵਿਭਾਗ ਵਿਚ ਕੰਮ ਕਰਦੇ ਸਮੇਂ ਮਿਤੀ 05/04/2014 ਤੋਂ ਮਿਤੀ 08/04/2015 ਤੱਕ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਿਹਾ ਸੀ। ਇਸ ਸਬੰਧੀ ਪੰਚਾਇਤੀ ਰਾਜ ਵਿਭਾਗ ਵਲੋਂ ਗੈਰ ਹਾਜਰ ਦੇ ਸਬੰਧ ਵਿਚ ਇਸ ਟੀਚਰ ਵਿਰੁੱਧ ਪਿੱਠ ਅੰਕਣ ਨੰਬਰ:-802 ਮਿਤੀ 10/07/2014 ਅਨੁਸਾਰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਵਿਚ ਦੋਸ਼ ਲਗਾਏ ਗਏ ਸਨ ਕਿ ਮਿਤੀ 23/04/2014 ਨੂੰ ਸ:ਐ:ਸ: ਕਲੇਰਾਂ ਦੀ ਅਚਨਚੇਤ ਚੈਕਿੰਗ ਦੌਰਾਨ ਦੋਸ਼ੀ ਨੂੰ ਮਿਤੀ 07/04/2014 ਤੋਂ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਗੈਰ ਹਾਜਰ ਪਾਇਆ ਗਿਆ ਹੈ। ਇਸ ਸਬੰਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਬੰਗਾ ਦੇ ਪੱਤਰ ਨੰਬਰ:- 1274 ਮਿਤੀ 12/05/2014 ਅਤੇ ਪੱਤਰ ਨੰਬਰ:- 1336 ਮਿਤੀ 20/05/2014 ਅਨੁਸਾਰ ਸਪੱਸ਼ਟ ਹੁੰਦਾ ਹੈ ਕਿ ਆਪ ਸਰਕਾਰੀ ਡਿਊਟੀ ਕਰਨ ਵਿਚ ਕੋਈ ਦਿਲਚਸਪੀ ਨਹੀਂ ਰੱਖਦੇ। ਅਜਿਹਾ ਕਰਕੇ ਆਪ ਨੇ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਰੂਲਜ਼ 1970 ਦੇ ਰੂਲ 8 ਤਹਿਤ ਆਪਣ ਆਪ ਨੂੰ ਸਜਾ ਦਾ ਭਾਗੀ ਬਣਾ ਲਿਆ ਗਿਆ ਹੈ। ਇਸ ਜਾਰੀ ਕੀਤੀ ਗਈ ਦੋਸ਼ ਸੂਚੀ ਵਿਚ ਲਗਾਏ ਦੋਸ਼ਾਂ ਦੀ ਸਚਾਈ ਜਾਨਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਲਾਚੌਰ-ਕਮ-ਪੜਤਾਲੀਆ ਅਫਸਰ ਤੋ ਰੈਗੂਲਰ ਪੜਤਾਲ ਕਰਵਾਈ ਗਈ।

ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਨੂੰ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਪੜਤਾਲੀਆ ਅਫਸਰ ਵਲੋਂ ਇਸ ਕੇਸ ਵਿਚ ਰੱਖੀ ਗਈ ਪੜਤਾਲ ਦੀਆਂ ਮਿਤੀਆਂ 30/07/2014, ਮਿਤੀ 06/08/2014 ਮਿਤੀ 12/08/2014 ਨੂੰ ਪੜਤਾਲ ਲਈ ਸ਼ਾਮਲ ਹੋਏ। ਪੜਤਾਲ ਸਮੇਂ ਉਸ ਵਲੋਂ ਆਪਣੇ ਪੱਖ ਵਿਚ ਕੋਈ ਦਸਤਾਵੇਜੀ ਸਬੂਤ ਪੇਸ਼ ਨਹੀਂ ਕੀਤਾ। ਅਤੇ ਬਚਾਅ ਪੱਖ ਵਿਚ ਦਸਤਾਵੇਜੀ ਸਬੂਤ ਪੇਸ਼ ਕਰਨ ਲਈ ਮਿਤੀ 12/08/2014 ਨੂੰ ਰੱਖਣ ਲਈ ਬੇਨਤੀ ਕੀਤੀ ਗਈ। ਮਿਤੀ 12/08/2014 ਨੂੰ ਪੜਤਾਲ ਵਿਚ ਸ਼ਾਮਲ ਹੋ ਕੇ ਦਸਤਾਵੇਜੀ ਸਬੂਤ ਪੇਸ਼ ਕਰਨ ਲਈ ਇੱਕ ਹਫਤੇ ਦਾ ਸਮਾਂ ਮੰਗਿਆ ਗਿਆ ਅਤੇ ਕੇਸ ਦੀ ਪੈਰਵੀ ਲਈ ਕੋਈ ਹੋਰ ਨੁਮਾਇੰਦਾ ਪੇਸ਼ ਕਰਨ ਦੀ ਮੰਗ ਕਰਦੇ ਹੋਏ ਮਿਤੀ 19/08/2014 ਰੱਖੀ ਗਈ। ਮਿਤੀ 19/08/2014 ਨੂੰ ਇਹ ਟੀਚਰ ਪੜਤਾਲ ਲਈ ਪੜਤਾਲੀਆ ਅਫਸਰ ਪਾਸ ਪੇਸ਼ ਨਹੀਂ ਹੋਇਆ। ਇਸ ਉਪਰੰਤ ਇਸ ਪੜਤਾਲ ਦੀ ਮਿਤੀ 05/09/2014 ਰੱਖੀ ਗਈ ਇਹ ਟੀਚਰ ਹਾਜਰ ਹੋਇਆ ਪਰ ਕੋਈ ਦਸਤਾਵੇਜ ਜਾਂ ਕੋਈ ਨੁਮਾਇੰਦਾ ਪੇਸ਼ ਨਹੀਂ ਕੀਤਾ ਗਿਆ। ਇਸ ਕੇਸ ਵਿਚ ਪੇਸ਼ੀ ਦੀ ਮਿਤੀ 22/09/2014

ਰੱਖੀ ਗਈ ਇਸ ਪੇਸ਼ੀ ਨੂੰ ਇਹ ਟੀਚਰ ਪੜਤਾਲ ਵਿਚ ਸ਼ਾਮਲ ਨਹੀਂ ਹੋਇਆ। ਮਿਤੀ 22/09/2014 ਨੂੰ ਦੋਸ਼ ਸੂਚੀ ਵਿਚ ਰੱਖੇ ਗਏ ਗਵਾਹ ਪੇਸ਼ ਹੋਏ ਉਹਨਾਂ ਵਲੋਂ ਪੱਤਰ ਨੰਬਰ:- 1274 ਮਿਤੀ 12/05/2014 ਅਤੇ ਪੱਤਰ ਨੰਬਰ:- 1336 ਮਿਤੀ 20/05/2014 ਪੇਸ਼ ਕੀਤੇ ਗਏ ਅਤੇ ਉਹਨਾਂ ਦੀ ਫੋਟੋ ਕਾਪੀ ਦਿੱਤੀ ਗਈ। ਇਸ ਕੇਸ ਵਿਚ ਪੇਸ਼ੀ ਮਿਤੀ 10/11/2014 ਰੱਖੀ ਗਈ ਇਸ ਪੇਸ਼ੀ ਦੇ ਦੋਸ਼ੀ ਦੇ ਬਿਆਨ ਕਲਮ ਬੰਦ ਕੀਤੇ ਕਿ ਉਹ ਮਿਤੀ 17/10/2007 ਤੋਂ ਸ:ਪ੍ਰ:ਸ: ਕਲੇਰਾਂ ਵਿਖੇ ਤੈਨਾਤ ਹਾਂ ਇਸ ਉਪਰੰਤ ਉਸ ਦੀ ਬਦਲੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ- ਮੁੱਖ ਕਾਰਜਕਾਰੀ ਅਫਸਰ, ਜਿਲ੍ਹਾ ਪ੍ਰੀਸ਼ਦ, ਸ਼ਹੀਦ ਭਗਤ ਸਿੰਘ ਨਗਰ ਦੇ ਹੁਕਮ ਨੰਬਰ:-2324-26 ਮਿਤੀ 2/4/2013 ਰਾਹੀਂ ਆਰਜੀ ਡਿਊਟੀ ਸ:ਪ੍ਰ:ਸ: ਕਲੇਰਾਂ ਤੋਂ ਸ:ਪ੍ਰ:ਸ: ਤਲਵੰਡੀ ਜੱਟਾਂ ਵਿਖੇ ਲਗਾਈ ਗਈ। ਜਦੋਂ ਸ:ਪ੍ਰ:ਸ: ਤਲਵੰਡੀ ਜੱਟਾਂ ਵਿਚ ਪਹਿਲਾਂ ਤੋਂ ਹੀ ਸ਼੍ਰੀਮਤੀ ਸ਼ਮਾਂ ਟੀਚਰ, ਪੱਕੇ ਤੌਰ ਤੇ ਤੈਨਾਤ ਸੀ। ਦੋਸ਼ੀ ਦੇ ਇਸ ਸਕੂਲ ਵਿਚ ਹਾਜਰ ਹੋਣ ਤੋਂ ਪਹਿਲਾਂ ਸ਼੍ਰੀ ਪਾਲਾ ਰਾਮ ਪੁੱਤਰ ਸ਼੍ਰੀ ਰੇਸ਼ਮ ਸਿੰਘ ਵਾਸੀ ਪਿੰਡ ਤਲਵੰਡੀ ਜੋ ਕਿ ਅੱਤ ਦਰਜੇ ਦਾ ਨਸ਼ੇੜੀ, ਵਿਹਲੜ ਅਤੇ ਦਹਿਸ਼ਤ ਭਰੀਆਂ ਕਾਰਵਾਈਆਂ ਕਰਨ ਲਈ ਬਦਨਾਮ ਵਿਅਕਤੀ ਹੈ, ਨੇ ਸ਼੍ਰੀਮਤੀ ਸ਼ਮਾਂ ਟੀਚਰ ਤੇ ਹਮਲਾ ਕਰਨ ਕਰਕੇ ਸਕੂਲ ਦੇ ਬੱਚੇ ਸਕੂਲ ਵਿਚ ਆਉਣੇ ਬੰਦ ਹੋ ਗਏ। ਉਹ ਮਿਤੀ 05/04/2014 ਨੂੰ ਅਚਾਨਕ ਬਹੁਤ ਬਿਮਾਰ ਹੋ ਗਿਆ ਅਤੇ ਬਿਮਾਰੀ ਕਾਰਨ ਸਕੂਲ ਵਿਚ ਛੁੱਟੀ ਨਹੀਂ ਭੇਜ ਸਕਿਆ। ਜਿਸ ਦੌਰਾਨ ਸਕੂਲ ਦੀ ਚੈਕਿੰਗ ਸਮੇਂ ਇਸ ਟੀਚਰ ਨੂੰ ਗੈਰ ਹਾਜਰ ਸਿੱਧ ਕਰ ਦਿੱਤਾ ਗਿਆ, ਜਦੋਂ ਕਿ ਇਹ ਟੀਚਰ ਮਿਤੀ 05/04/2014 ਤੋਂ 07/07/2014 ਤੱਕ ਤਿੰਨ ਮਹੀਨੇ ਤੱਕ ਬਿਮਾਰ ਰਿਹਾ। ਪੜਤਾਲੀਆ ਅਫਸਰ ਪਾਸ ਇਸ ਨੇ ਮੰਨਿਆ ਕਿ ਉਹ ਬਿਮਾਰੀ ਕਰਕੇ ਮਜਬੂਰੀ ਵੱਸ ਡਿਊਟੀ ਤੋਂ ਗੈਰ ਹਾਜਰ ਰਿਹਾ । ਪੜਤਾਲੀਆ ਅਫਸਰ ਨੂੰ ਭਰੋਸਾ ਦਿਵਾਇਆ ਗਿਆ ਕਿ ਉਹ ਅਜਿਹੀ ਗਲਤੀ ਭਵਿੱਖ ਵਿਚ ਨਹੀਂ ਕਰੇਗਾ ਅਤੇ ਆਪਣੀ ਡਿਊਟੀ ਦਾ ਪਾਬੰਦ ਰਹੇਗਾ। ਬਿਮਾਰੀ ਸਬੰਧੀ ਉਹ ਆਪਣਾ ਮੈਡੀਕਲ ਸਰਟੀਫਿਕੇਟ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਦੇਵੇਗਾ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਲਿਖਿਆ ਗਿਆ ਕਿ ਇਸ ਟੀਚਰ ਦੀ ਬਿਮਾਰੀ ਕਾਰਨ ਇਸ ਵਿਰੁੱਧ ਬਣਦੀ ਕਾਰਵਾਈ ਕਰਦੇ ਸਮੇਂ/ ਸਜ਼ਾ ਦਿੰਦੇ ਸਮੇਂ ਹਮਦਰਦੀ ਨਾਲ ਨਰਮੀ ਵਾਲਾ ਵਰਤਾਓ ਕਰਨ ਦੀ ਸ਼ਿਫਾਰਸ਼ ਕੀਤੀ ਗਈ।

ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਦੇ ਸੰਨਮੁੱਖ ਵਧੀਕ ਡਿਪਟੀ ਕਮਿਸ਼ਨਰ-ਕਮ- ਮੁੱਖ ਕਾਰਜਕਾਰੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵਲੋਂ ਇਸ ਕੇਸ ਦਾ ਨਿਪਟਾਰਾ ਕਰਦੇ ਹੋਏ ਇਸ ਨੂੰ ਤਾੜਨਾ ਕਰਦੇ ਹੋਏ ਹੁਕਮਾਂ ਦੀ ਕਾਪੀ ਉਸ ਦੀ ਪਰਸਨਲ ਫਾਈਲ ਵਿਚ ਲਗਾਉਣ ਦੇ ਹੁਕਮ ਪਾਸ ਕਰਦੇ ਹੋਏ ਮਿਤੀ 05/04/2014 ਮਿਤੀ 08/04/2015 ਤੱਕ ਦੇ ਗੈਰ ਹਾਜਰੀ ਸਮੇਂ ਕੁੱਲ ਦਿਨ 369 ਦਿਨਾਂ ਦੀ ਬਿਨ੍ਹਾਂ ਤਨਖਾਹ ਛੁੱਟੀ ਮੰਨਜੂਰ ਕਰ ਦਿੱਤੀ ਗਈ। ਸ਼੍ਰੀ ਮੁਖਤਿਆਰ ਚੰਦ, ਈ.ਟੀ.ਟੀ. ਟੀਚਰ , ਨੂੰ ਲਿਖਤੀ ਰੂਪ

ਵਿਚ ਹਦਾਇਤ ਕੀਤੀ ਗਈ ਕਿ ਉਹ ਮਿਤੀ 09/04/2015 ਤੋਂ ਆਪਣੀ ਹਾਜਰੀ ਰਿਪੋਰਟ ਜਿਲ੍ਹਾ ਸਿਖਿਆ ਅਫਸਰ (ਐਲੀਮੈਂਟਰੀ) ਸ਼ਹੀਦ ਭਗਤ ਸਿੰਘ ਨਗਰ ਨੂੰ ਦੇਣ। ਇਹਨਾਂ ਹੁਕਮਾਂ ਦੀ ਕਾਪੀ ਜਿਲ੍ਹਾ ਸਿਖਿਆ ਅਫਸਰ (ਐ:ਸਿ:)ਸ਼ਹੀਦ ਭਗਤ ਸਿੰਘ ਨਗਰ ਨੂੰ ਭੇਜ ਕੇ ਲਿਖਿਆ ਗਿਆ ਕਿ ਇਸ ਟੀਚਰ ਨੂੰ ਸ:ਪ੍ਰ:ਸ: ਕਲੇਰਾਂ ਵਿਖੇ ਤੁਰੰਤ ਹਾਜਰ ਕਰਵਾਇਆ ਜਾਵੇ। ਇਹਨਾਂ ਹੁਕਮਾਂ ਦੀ ਕਾਪੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਬੰਗਾ, ਬਲਾਕ ਪ੍ਰਾਇਮਰੀ ਸਿਖਿਆ ਅਫਸਰ ਬੰਗਾ ਅਤੇ ਸ੍ਰੀ ਮੁਖਤਿਆਰ ਚੰਦ, ਈ.ਟੀ.ਟੀ. ਟੀਚਰ, ਸ:ਪ੍ਰਾ:ਸ: ਕਲੇਰਾਂ ਨੂੰ ਵੀ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜੀ ਗਈ।

ਉਕਤ ਅਨੁਸਾਰ ਇਹ ਵੀ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਇਸ ਟੀਚਰ ਦੇ ਮਿਤੀ 05/04/2014 ਤੋਂ ਮਿਤੀ 8/04/2015 ਦੇ ਗੈਰ ਹਾਜਰ ਸਮੇਂ ਦੀ ਬਿਨ੍ਹਾਂ ਤਨਖਾਹ ਛੁੱਟੀ ਪ੍ਰਵਾਨ ਕੀਤੀ ਗਈ ਹੈ, ਜਦੋਂ ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਵਿਚ ਲਿਖਿਆ ਗਿਆ ਹੈ ਕਿ ਇਸ ਟੀਚਰ ਮਿਤੀ 05/04/2014 ਤੋਂ 07/07/2014 ਤੱਕ ਤਿੰਨ ਮਹੀਨੇ ਤੱਕ ਬਿਮਾਰ ਰਿਹਾ। ਪੜਤਾਲੀਆ ਅਫਸਰ ਪਾਸ ਇਸ ਨੇ ਮੰਨਿਆ ਕਿ ਉਹ ਬਿਮਾਰੀ ਕਰਕੇ ਮਜਬੂਰੀ ਵੱਸ ਡਿਊਟੀ ਤੋਂ ਗੈਰ ਹਾਜਰ ਰਿਹਾ । ਜਿਸ ਤੋਂ ਸਾਫ ਸਪੱਸ਼ਟ ਹੁੰਦਾ ਹੈ ਕਿ ਇਹ ਟੀਚਰ ਮਿਤੀ 08/04/2014 ਤੋਂ ਲੈ ਕੇ ਮਿਤੀ 08/4/2015 ਤੱਕ ਮੁੜ ਅਣ-ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਗੈਰ ਹਾਜਰ ਰਿਹਾ ਹੈ।

ਇਹ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਪੜਤਾਲੀਆ ਅਫਸਰ ਵਲੋਂ ਲਿਖਿਆ ਗਿਆ ਹੈ ਕਿ ਇਹ ਬਿਮਾਰੀ ਕਾਰਨ ਡਿਊਟੀ ਤੋਂ ਗੈਰ ਹਾਜਰ ਰਿਹਾ ਹੈ। ਪੜਤਾਲ ਕਰਦੇ ਸਮੇਂ ਪੜਤਾਲੀਆ ਅਫਸਰ ਵਲੋ ਬਿਮਾਰੀ ਸਬੰਧੀ ਮੰਗੇ ਗਏ ਦਸਤਾਵੇਜ ਸਬੂਤ ਵਜੋਂ ਲਾਖਾ ਹੈਲਥ ਕੇਅਰ ਸੈਂਟਰ, ਬੰਗਾ ਵਲੋਂ ਜਾਰੀ ਕੀਤੇ ਗਏ ਫਿਟਨਸ ਸਰਟੀਫਿਕੇਟ ਵਿਚ ਸ੍ਰੀ ਮੁਖਤਿਆਰ ਚੰਦ ਪੁੱਤਰ ਸ੍ਰੀ ਦੇਵੀ ਦਿਆਲ ਨੂੰ ਮਿਤੀ 08/07/2014 ਤੋਂ ਡਿਊਟੀ ਲਈ ਫਿੱਟ ਲਿਖਦੇ ਹੋਏ ਮਿਤੀ 05/04/2014 ਤੋਂ 07/07/2014 ਤੱਕ ਉਹਨਾਂ ਦੇ ਹਸਪਤਾਲ ਅਧੀਨ ਇਲਾਜ ਰਿਹਾ ਹੈ ਅਤੇ ਮਿਤੀ 05/04/2014 ਤੋਂ 07/07/2014 ਤੱਕ ਕੰਪਲੀਟ ਬੈੱਡ ਰੈਸਟ ਲਈ ਵੀ ਲਿਖਿਆ ਗਿਆ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਇਸ ਕਰਮਚਾਰੀ ਨੂੰ ਡਾਕਟਰ ਵਲੋਂ ਕੇਵਲ ਫਿਟਨਸ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ ਜਦੋਂ ਕਿ ਤਿੰਨ ਮਹੀਨੇ ਤੱਕ ਇਤਨਾ ਲੰਬਾ ਸਮਾਂ ਬੈੱਡ ਰੈਸਟ ਲਿਖਣ ਸਬੰਧੀ ਪਹਿਲਾਂ ਕਦੇ ਕੋਈ ਦਸਤਾਵੇਜ ਸਬੰਧਤ ਵਿਭਾਗ ਨੂੰ ਪੇਸ਼ ਨਹੀਂ ਕੀਤਾ ਗਿਆ ਹੈ। ਜਿਸ ਤੋਂ ਸਾਫ ਸਪੱਸ਼ਟ ਹੈ ਕਿ ਸਬੰਧਤ ਹਸਪਤਾਲ ਵਲੋਂ ਜਾਰੀ ਕੀਤੇ ਗਏ ਫਿਟਨਸ ਸਰਟੀਫਿਕੇਟ ਅਨੁਸਾਰ ਇਹ ਟੀਚਰ ਮਿਤੀ 08/07/2014 ਤੋਂ ਡਿਊਟੀ ਲਈ ਫਿੱਟ ਸੀ, ਜਦੋਂ ਕਿ ਇਸ ਟੀਚਰ ਦੇ ਮਿਤੀ 05/04/2014 ਤੋਂ ਮਿਤੀ 8/04/2015 ਦੇ ਗੈਰ

ਹਾਜਰ ਸਮੇਂ ਦੀ ਬਿਨ੍ਹਾਂ ਤਨਖਾਹ ਛੁੱਟੀ ਪ੍ਰਵਾਨ ਕੀਤੀ ਗਈ ਹੈ।

ਉਪਰੋਕਤ ਦਰਸਾਈ ਗਈ ਸਥਿਤੀ ਦੇ ਸੰਨਮੁੱਖ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਪੱਤਰ ਨੰਬਰ:-ਅ-2/2017/19094 ਮਿਤੀ 23/06/2017 ਅਨੁਸਾਰ ਲਿਖਤੀ ਰੂਪ ਵਿਚ ਸੂਚਿਤ ਕੀਤਾ ਹੈ ਕਿ ਇਸ ਟੀਚਰ ਨੂੰ ਜਿਲ੍ਹਾ ਪ੍ਰੀਸ਼ਦ, ਸ਼ਹੀਦ ਭਗਤ ਸਿੰਘ ਨਗਰ ਵਲੋਂ ਈ.ਟੀ.ਟੀ. ਟੀਚਰਾਂ ਨੂੰ ਸਿਖਿਆ ਵਿਭਾਗ ਵਿਚ ਮਰਜ ਕਰਨ ਲਈ ਭੇਜੀ ਗਈ ਲਿਸਟ ਵਿਚ ਗੈਰ ਹਾਜਰ ਦਰਜ ਕੀਤਾ ਗਿਆ ਹੈ ਅਤੇ ਪੰਚਾਇਤੀ ਰਾਜ ਵਿਭਾਗ ਵਲੋਂ ਇਸ ਕੇਸ ਦਾ ਫੈਸਲਾ ਕਰਦੇ ਸਮੇਂ ਸ਼੍ਰੀ ਮੁਖਤਿਆਰ ਚੰਦ, ਈ.ਟੀ.ਟੀ. ਟੀਚਰ, ਨੂੰ ਲਿਖਤੀ ਰੂਪ ਵਿਚ ਹਦਾਇਤ ਕੀਤੀ ਗਈ ਕਿ ਉਹ ਮਿਤੀ 09/04/2015 ਤੋਂ ਆਪਣੀ ਹਾਜਰੀ ਰਿਪੋਰਟ ਜਿਲ੍ਹਾ ਸਿਖਿਆ ਅਫਸਰ (ਐਲੀਮੈਂਟਰੀ) ਸ਼ਹੀਦ ਭਗਤ ਸਿੰਘ ਨਗਰ ਨੂੰ ਦੇਵੇ। ਇਸ ਦੇ ਬਾਵਜੂਦ ਇਸ ਕਰਮਚਾਰੀ ਭਾਵ ਸ਼੍ਰੀ ਮੁਖਤਿਆਰ ਚੰਦ, ਈ.ਟੀ.ਟੀ. ਟੀਚਰ, ਸ:ਐ:ਸ: ਕਲੇਰਾਂ ਸਿਖਿਆ ਵਿਭਾਗ ਵਿਚ ਹਾਜਰ ਨਹੀਂ ਹੋਇਆ ਹੈ ਤਾਂ ਨਾ ਹੀ ਸਿਖਿਆ ਵਿਭਾਗ ਵਿਚ ਹਾਜਰ ਹੋਣ ਸਬੰਧੀ ਕੋਈ ਬੇਨਤੀ ਪੱਤਰ ਜਿਲ੍ਹਾ ਸਿਖਿਆ ਅਫਸਰ(ਐ:ਸਿ:) ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਗਿਆ ਹੈ।

ਉਪਰੋਕਤ ਅਨੁਸਾਰ ਦੱਸੀ ਗਈ ਸਥਿਤੀ ਸਵੈ-ਸਪੱਸ਼ਟ ਹੈ। ਇਹ ਵੀ ਧਿਆਨ ਵਿਚ ਲਿਆਉਣਾ ਜਰੂਰੀ ਹੋ ਜਾਂਦਾ ਹੈ ਕਿ ਜੇਕਰ ਇਸ ਸਟੇਜ ਤੇ ਇਸ ਟੀਚਰ ਨੂੰ ਸਿਖਿਆ ਵਿਭਾਗ ਵਿਚ ਡਿਊਟੀ ਤੇ ਹਾਜਰ ਕਰਵਾਇਆ ਜਾਂਦਾ ਹੈ ਤਾਂ ਪੰਚਾਇਤੀ ਰਾਜ ਵਿਭਾਗ ਵਲੋਂ ਇਹਨਾਂ ਟੀਚਰ ਸਬੰਧੀ ਭੇਜੀ ਗਈ ਲਿਸਟ ਵਿਚ ਦਰਜ ਕੀਤੇ ਗਏ ਉਹਨਾਂ ਟੀਚਰਾਂ ਨੂੰ ਵੀ ਹਾਜਰ ਕਰਵਾਉਣਾ ਪਵੇਗਾ, ਜਿੰਨ੍ਹਾਂ ਨੂੰ ਲਿਸਟ ਵਿਚ ਮੁਅੱਤਲੀ ਅਧੀਨ/ਗੈਰ ਹਾਜਰ ਦਰਜ ਕੀਤਾ ਗਿਆ ਹੈ।

ਉਪਰੋਕਤ ਅਨੁਸਾਰ ਇਸ ਕੇਸ ਵਿਚ ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਇਸ ਨਤੀਜੇ ਤੇ ਪੁੱਜਾ ਹਾਂ ਕਿ ਇਹ ਟੀਚਰ ਆਪਣੇ ਪਿੱਤਰੀ ਵਿਭਾਗ ਤੋਂ ਹੀ ਡਿਊਟੀ ਕਰਨ ਦਾ ਇਛੁੱਕ ਨਹੀਂ ਕਿਉਕਿ ਇਹ ਲਗਾਤਾਰ ਆਪਣੀ ਡਿਊਟੀ ਤੋਂ ਗੈਰ ਹਾਜਰ ਰਿਹਾ ਹੈ। ਭਾਵੇਂ ਪੰਚਾਇਤੀ ਰਾਜ ਵਿਭਾਗ ਵਲੋਂ ਇਸ ਦੀ ਗੈਰ ਹਾਜਰੀ ਸਮੇਂ ਦਾ ਫੈਸਲਾ ਹਮਦਰਦੀ ਨਾਲ ਕਰਦੇ ਹੋਏ ਗੈਰ ਹਾਜਰੀ ਸਮੇਂ ਦੀ ਕੁੱਲ 369 ਦਿਨਾਂ ਦੀ ਬਿਨ੍ਹਾਂ ਤਨਖਾਹ ਛੁੱਟੀ ਪ੍ਰਵਾਨ ਕਰਦੇ ਹੋਏ ਹੁਕਮ ਜਾਰੀ ਕਰਦੇ ਹੋਏ ਇਸ ਨੂੰ ਕਾਪੀ ਭੇਜ ਕੇ ਸਪੱਸ਼ਟ ਤੌਰ ਤੇ ਲਿਖਿਆ ਸੀ ਕਿ ਇਹ ਆਪਣੀ ਹਾਜਰੀ ਰਿਪੋਰਟ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕਰੇ। ਇਸ ਸਬੰਧੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਸ਼ਹੀਦ ਭਗਤ ਸਿੰਘ ਨਗਰ ਵਲੋਂ ਪੱਤਰ ਨੰਬਰ:-ਅ-2/2017/19094 ਮਿਤੀ 23/06/2017 ਅਨੁਸਾਰ ਇਸ ਦਫਤਰ ਦੇ ਧਿਆਨ ਵਿਚ

7/11/17

ਲਿਖਤੀ ਰੂਪ ਵਿਚ ਲਿਆਂਦਾ ਹੈ ਕਿ ਇਹ ਟੀਚਰ ਹੁਣ ਤੱਕ ਕਦੇ ਵੀ ਸਿਖਿਆ ਵਿਭਾਗ ਵਿਚ ਹਾਜਰ ਨਹੀਂ ਹੋਇਆ ਅਤੇ ਨਾ ਹੀ ਹਾਜਰ ਹੋਣ ਲਈ ਕਦੇ ਕੋਈ ਬੇਨਤੀ ਪੱਤਰ ਵੀ ਪੇਸ਼ ਨਹੀਂ ਕੀਤਾ ਗਿਆ।

ਇਸ ਕੇਸ ਦੇ ਨਿਪਟਾਰੇ ਹਿੱਤ ਇਸ ਟੀਚਰ ਨੂੰ ਮਿਤੀ 14/08/2017 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਇਸ ਨਿੱਜੀ ਸੁਣਵਾਈ ਮੌਕੇ ਉਹ ਆਪਣੇ ਬਚਾਅ ਪੱਖ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ।

ਉਪਰੋਕਤ ਅਨੁਸਾਰ ਦੱਸੀ ਗਈ ਸਥਿਤੀ ਦੇ ਸੰਨਮੁੱਖ ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਇਸ ਨਤੀਜੇ ਤੇ ਪੁੱਜਾ ਹਾਂ ਕਿ ਸ਼੍ਰੀ ਮੁਖਤਿਆਰ ਚੰਦ, ਈ.ਟੀ.ਟੀ. ਟੀਚਰ, ਸ:ਐ:ਸ: ਕਲੇਰਾਂ, ਬਲਾਕ ਬੰਗਾ, (ਸ਼ਹੀਦ ਭਗਤ ਸਿੰਘ ਨਗਰ) ਨੂੰ ਇਸ ਸਟੇਜ ਤੇ ਡਿਊਟੀ ਤੇ ਹਾਜਰ ਨਹੀਂ ਕਰਵਾਉਣਾ ਬਣਦਾ ਹੈ। ਇਸ ਟੀਚਰ ਦਾ ਕਲੇਮ ਰੱਦ ਕਰਦਾ ਹਾਂ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ;)ਪੰਜਾਬ

ਪਿੱਠ ਅੰਕਣ ਨੰਬਰ:-ਉਕਤ 9955 ਮਿਤੀ ਮੋਹਾਲੀ:- 7-11-17

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਸ਼ਹੀਦ ਭਗਤ ਸਿੰਘ ਨਗਰ ਨੂੰ ਉਹਨਾਂ ਦੇ ਪੱਤਰ ਨੰਬਰ:-ਅ-2/2017/19094 ਮਿਤੀ 23/06/2017 ਦੇ ਹਵਾਲੇ ਵਿਚ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਸ਼ਹੀਦ ਭਗਤ ਸਿੰਘ ਨਗਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਬੰਗਾ (ਸ਼ਹੀਦ ਭਗਤ ਸਿੰਘ ਨਗਰ)
5. ਸ਼੍ਰੀ ਮੁਖਤਿਆਰ ਚੰਦ, ਈ.ਟੀ.ਟੀ. ਟੀਚਰ ਮਾਰਫਤ ਜਿਲ੍ਹਾ ਸਿਖਿਆ ਅਫਸਰ, (ਐ:ਸਿ:) ਸ਼ਹੀਦ ਭਗਤ ਸਿੰਘ ਨਗਰ।
6. ਐਮ.ਆਈ.ਐਸ ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਵੈੱਬ ਸਾਈਟ ਦਾ ਪਾਉਣ ਲਈ।

ਡਿਪਟੀ ਡਾਇਰੈਕਟਰ(ਅਮਲਾ)